ਫ਼ੋ(10)

<u>ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿ:</u>
(ਦਫਤਰ:ਨਿਗਰਾਨ ਇੰਜੀਨੀਅਰ,ਵੰਡ ਹਲਕਾ ਬਰਨਾਲਾ)
(ਫੋਨ/ਫੈਕਸ ਨੰ: 01679239788 e:-dscirclebarnala@gmail.com)

ਦਫਤਰੀ ਹੁਕਮ ਨੰ: 170 ਮਿਤੀ 23-7-2012

ਸ੍ਰੀ ਹਰਿੰਦਰ ਸਿੰਘ ਪੁੱਤਰ ਸ੍ਰੀ ਸੁਖਦੇਵ ਸਿੰਘ ਜੋ ਕਿ ਵੰਡ ਉਪ ਮੰਡਲ ਮਲੇਰਕੋਟਲਾ ਅਧੀਨ ਮੰਡਲ ਮਲੇਰਕੋਟਲਾ ਵਿਖੇ ਬਤੌਰ ਲ:ਮ: ਤੈਨਾਤ ਸੀ, ਉਹ ਮਿਤੀ 1.7.05 ਤੋਂ ਕਿਸੇ ਅਧਿਕਾਰੀ ਤੋਂ ਛੁੱਟੀ ਬਿਨ੍ਹਾਂ ਮੰਨਜੂਰ ਕਰਾਏ ਬਿਨ੍ਹਾਂ ਕਿਸੇ ਸੂਚਨਾਂ ਤੋਂ ਡਿਊਟੀ ਤੋਂ ਗੈਰ-ਹਾਜਰ ਹੋ ਗਿਆ। ਇਸ ਸਬੰਧੀ ਉਪ ਮੁੱਖ ਇੰਜੀਨੀਅਰ/ਸੰਗਰੂਰ ਵੱਲੋਂ ਦੋਸ਼ ਸੂਚੀ ਨੰ: 57/7707 ਮਿਤੀ 28.2.06 ਜਾਰੀ ਕੀਤੀ ਗਈ। ਇਹ ਦੋਸ਼ ਸੂਚੀ ਕਰਮਚਾਰੀ ਨੂੰ ਸੌਂਪਣ ਲਈ ਭੇਜੀ ਗਈ ਪ੍ਰੰਤੂ ਕਰਮਚਾਰੀ ਘਰ ਨਹੀਂ ਮਿਲਦਾ ਸੀ। ਦੋਸ਼ ਸੂਚੀ ਕਰਮਚਾਰੀ ਨੂੰ ਸੌਂਪਣ ਦੇ ਹਰ ਸੰਭਵ ਯਤਨ ਕੀਤੇ ਗਏ। ਇਸ ਸਬੰਧੀ ਸੀਨੀ.ਕਾ.ਕਾ.ਇੰਜ./ਵੰਡ ਮੰਡਲ ਮਲੇਰਕੋਟਲਾ ਵੱਲੋਂ ਕਰਮਚਾਰੀ ਨੂੰ ਰਜਿਸਟਰਡ ਪੱਤਰ 4162 ਮਿਤੀ 11.4.11 ਵੀ ਭੇਜਿਆ ਗਿਆ। ਪ੍ਰੰਤੂ ਕਰਮਚਾਰੀ ਨੇ ਦੋਸ਼ ਸੂਚੀ ਦੇ ਸਬੰਧ ਵਿੱਚ ਫਿਰ ਵੀ ਕੋਈ ਜਵਾਬ ਨਹੀਂ ਦਿੱਤਾ। ਇਸ ਤੋਂ ਬਾਅਦ ਸੀਨੀ.ਕਾ.ਕਾ.ਇੰਜ./ਵੰਡ ਮੰਡਲ ਮਲੇਰਕੋਟਲਾ ਵੱਲੋਂ ਆਪਣੇ ਪੱਤਰ ਨੰ; 12365 ਮਿਤੀ 5.10.11 ਨੂੰ ਕਰਮਚਾਰੀ ਦੀ ਗੈਰ-ਹਾਜਰੀ ਸਬੰਧੀ ਮੁੱਖ ਇੰਜੀਨੀਅਰ/ਆਈ.ਆਰ. ਨੂੰ ਪੱਤਰ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕਰਨ ਲਈ ਲਿਖਿਆ ਗਿਆ। ਜੋ ਕਿ ਇੰਡੀਅਨ ਐਕਸਪ੍ਰੈੱਸ ਅਤੇ ਪੰਜਾਬੀ ਟ੍ਰੀਬਿਊਨ ਵਿੱਚ ਮਿਤੀ 1.11.11 ਨੂੰ ਪ੍ਰਕਾਸ਼ਿਤ ਹੋਇਆ । ਪ੍ਰੰਤੂ ਕਰਮਚਾਰੀ ਵੱਲੋਂ ਨਾ ਤਾਂ ਦੋਸ਼ ਸੂਚੀ ਪ੍ਰਾਪਤ ਕੀਤੀ ਅਤੇ ਨਾ ਹੀ ਕੋਈ ਜਵਾਬ ਦਿੱਤਾ ਨਾ ਹੀ ਡਿਊਟੀ ਤੇ ਹਾਜਰ ਹੋਇਆ।

ਇਸ ਉਪਰੰਤ ਕਰਮਚਾਰੀ ਵਿਰੁੱਧ ਦੋਸ਼ ਸੂਚੀ ਨੰ: 57/7707 ਮਿਤੀ 28.2.06 ਦੀ ਪੜਤਾਲ ਕਰਨ ਲਈ ਉਪ ਮੁੱਖ ਇੰਜੀ:/ਵੰਡ ਹਲਕਾ ਸੰਗਰੂਰ ਦੇ ਦਫਤਰੀ ਹੁਕਮ ਨੰ; 422 ਮਿਤੀ 3.11.11 ਰਾਹੀਂ ਇੰਜ. ਏ.ਐਸ.ਵਿਰਦੀ, ਸੀਨੀ.ਕਾ.ਕਾ.ਇੰਜ./ਵੰਡ ਮੰਡਲ ਧੂਰੀ ਨੂੰ ਇੰਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ । ਇਨਕੁਆਰੀ ਅਫਸਰ ਵੱਲੋਂ ਕਰਮਚਾਰੀ ਨੂੰ ਦੋਸ਼ ਸੂਚੀ ਦੀ ਇਨਕੁਆਰੀ ਸਬੰਧੀ ਪੱਤਰ ਨੰ: 14392 ਮਿਤੀ 11.11.11 ਲਿਖਿਆ ਗਿਆ ਕਿ ਕਰਮਚਾਰੀ ਆਪਣੀ ਮੁੱਢਲੀ ਰਿਪੋਰਟ ਸਟੇਟਮੈਂਟ ਦੇਣ ਲਈ ਮਿਤੀ 17.11.11 ਨੂੰ ਇਨਕੁਆਰੀ ਅਫਸਰ ਧੂਰੀ ਅੱਗੇ ਪੇਸ਼ ਹੋਵੇ ਪ੍ਰੰਤੂ ਕਰਮਚਾਰੀ ਹਾਜਰ ਨਹੀਂ ਹੋਇਆ । ਕੇਸ ਦੀ ਅਗਲੀ ਸੁਣਵਾਈ ਲਈ ਪੱਤਰ ਨੰ: 15189 ਮਿਤੀ 30.11.11 ਲਿਖਿਆ ਗਿਆ ਪ੍ਰੰਤੂ ਕਰਮਚਾਰੀ ਨਿਰਧਾਰਿਤ ਮਿਤੀ 15.12.11 ਨੂੰ ਫਿਰ ਹਾਜਰ ਨਹੀਂ ਹੋਇਆ। ਇਸ ਉਪਰੰਤ ਇਸ ਦੋਸ਼ ਸੂਚੀ ਦੀ ਇਨਕੁਆਰੀ ਦੇ ਸਬੰਧ ਵਿੱਚ ਸਬੰਧਤ ਪ੍ਰਜਾਇਡਿੰਗ ਅਫਸਰ ਕਮ ਮੰਡਲ ਸੁਪਰਡੈਂਟ ਮਲੇਰਕੋਟਲਾ ਵੱਲੋਂ ਆਪਣੇ ਪੱਧਰ ਤੇ ਸੀਨੀ.ਕਾ.ਕਾ.ਇੰਜ./ਮਲੇਰਕੋਟਲਾ ਰਾਹੀਂ ਕਰਮਚਾਰੀ ਨੂੰ ਪੱਤਰ ਨੰ: 15356 ਮਿਤੀ 21.12.11 ਲਿਖਿਆ ਗਿਆ ਪ੍ਰੰਤੂ ਕਰਮਚਾਰੀ ਹਾਜਰ ਨਹੀਂ ਹੋਇਆ । ਇਸ ਉਪਰੰਤ ਇਨਕੁਆਰੀ ਅਫਸਰ ਕਮ ਵਧੀਕ ਨਿਗਰਾਨ ਇੰਜੀਨੀਅਰ/ਧੂਰੀ ਵੱਲੋਂ ਰਜਿਸਟਰਡ ਪੱਤਰ ਨੰ; 761 ਮਿਤੀ 20.1.12 ਕਰਮਚਾਰੀ ਨੂੰ ਘਰ ਦੇ ਪਤੇ ਤੇ ਭੇਜਿਆ ਗਿਆ। ਪੱਤਰ ਵਾਪਿਸ ਪ੍ਰਾਪਤ ਨਹੀਂ ਹੋਇਆ ਪ੍ਰੰਤੂ ਕਰਮਚਾਰੀ ਫਿਰ ਵੀ ਇਨਕੁਆਰੀ ਅਫਸਰ ਅੱਗੇ ਪੇਸ਼ ਨਹੀਂ ਹੋਇਆ। ਇਨਕੁਆਰੀ ਅਫਸਰ ਵੱਲੋਂ ਪੱਤਰ ਨੰ: 2359 ਮਿਤੀ 14.3.12 ਰਾਹੀਂ ਇਨਕੁਆਰੀ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ ਪ੍ਰੰਤੂ ਇਸ ਦਫਤਰ ਦੀ ਹਦਾਇਤ ਤੇ ਕਰਮਚਾਰੀ ਨੂੰ ਇਨਕੁਆਰੀ ਅਫਸਰ ਅੱਗੇ ਹਾਜਰ ਹੋਣ ਲਈ ਪੰਜਾਬੀ ਟ੍ਰੀਬਿਊਨ ਅਤੇ ਹਿੰਦੁਸਤਾਨ ਟਾਈਮਜ਼ ਵਿੱਚ ਮਿਤੀ 9.6.12 ਨੂੰ 30 ਦਿਨ੍ਹਾਂ ਦਾ ਸਮਾਂ ਦਿੱਤਾ ਪ੍ਰੰਤੂ ਕਰਮਚਾਰੀ ਫਿਰ ਵੀ ਇਨਕੁਆਰੀ ਅਫਸਰ ਅੱਗੇ ਪੇਸ਼ ਨਹੀਂ ਹੋਇਆ।

ਨਿਮਨ ਹਸਤਾਖ਼ਰ ਵੱਲੋਂ ਇਨਕੁਆਰੀ ਅਫਸਰ ਦੀ ਰਿਪੋਰਟ ਅਤੇ ਸੀਨੀ.ਕਾ.ਕਾ.ਇੰਜ./ਵੰਡ ਮੰਡਲ ਮਲੇਰਕੋਟਲਾ ਵੱਲੋਂ ਭੇਜੀ ਗਈ ਟਿੱਪਣੀ ਰਿਪੋਰਟ ਨੂੰ ਹਰ ਪੱਖੋਂ ਵਿਚਾਰਿਆ ਗਿਆ। ਕਰਮਚਾਰੀ ਆਪਣੀ ਡਿਊਟੀ ਤੋਂ ਜਾਣ ਬੁੱਝ ਕੇ ਗੈਰ-ਹਾਜਰ ਚੱਲ ਰਿਹਾ ਹੈ। ਕਰਮਚਾਰੀ ਨੂੰ ਡਿਊਟੀ ਤੇ ਹਾਜਰ ਹੋਣ ਲਈ ਅਤੇ ਆਪਣਾ ਪੱਖ ਪੇਸ਼ ਕਰਨ ਲਈ ਹਰ ਸੰਭਵ ਮੌਕੇ ਦਿੱਤੇ ਗਏ ਪ੍ਰੰਤੂ ਕਰਮਚਾਰੀ ਨਾ ਤਾਂ ਆਪਣੀ ਡਿਊਟੀ ਤੇ ਹਾਜਰ ਹੀ ਹੋਇਆ ਅਤੇ ਨਾ ਹੀ ਉਸਨੇ ਆਪਣਾ ਪੱਖ ਪੇਸ਼ ਕੀਤਾ। ਕਿਉਂਕਿ ਕਰਮਚਾਰੀ ਆਪਣੀ ਡਿਊਟੀ ਤੋਂ ਜਾਣ ਬੁੱਝ ਕੇ ਗੈਰ-ਹਾਜਰ ਚੱਲ ਰਿਹਾ ਹੈ ਇਸ ਲਈ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਕਰਮਚਾਰੀ ਸ੍ਰੀ ਹਰਿੰਦਰ ਸਿੰਘ ਪੁੱਤਰ ਸ੍ਰੀ ਸੁਖਦੇਵ ਸਿੰਘ ਦੀਆਂ ਸੇਵਾਵਾਂ ਗੈਰ-ਹਾਜਰ ਹੋਣ ਦੀ ਮਿਤੀ 1.7.05 ਤੋਂ ਬਰਖ਼ਾਸਤ/ਟਰਮੀਨੇਟ ਕਰਨ ਦਾ ਫੈਸਲਾ ਲਿਆ ਗਿਆ ਹੈ।

ਇਸ ਲਈ ਸ੍ਰੀ ਹਰਿੰਦਰ ਸਿੰਘ ਪੁੱਤਰ ਸ੍ਰੀ ਸੁਖਦੇਵ ਸਿੰਘ ਦੀਆਂ ਸੇਵਾਵਾਂ ਬੋਰਡ ਹੁਣ ਪਾਵਰਕਾਮ ਦੇ ਸਜ਼ਾ ਅਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5 ਦੀ ਕਲਾਜ਼ (1 ਤੋਂ 9) ਤਹਿਤ ਜੋ ਵੀ ਲਾਗੂ ਹੋਵੇ ਮਿਤੀ 1.7.05 ਤੋਂ ਬਰਖ਼ਾਸਤ ਕੀਤੀਆਂ ਜਾਂਦੀਆਂ ਹਨ। ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1. | ਕਰਮਚਾਰੀ ਦਾ ਨਾਂ/ਅਹੁੱਦਾ | ਸ੍ਰੀ ਹਰਿੰਦਰ ਸਿੰਘ ਲ:ਮ: |
| 2. | ਪਿਤਾ ਦਾ ਨਾਂ | ਸ੍ਰੀ ਸੁਖਦੇਵ ਸਿੰਘ |
| 3. | ਜਨਮ ਮਿਤੀ | 11.8.55 |
| 4. | ਬੋਰਡ ਵਿੱਚ ਭਰਤੀ ਹੋਣ ਦੀ ਮਿਤੀ | 12.8.83 |

ਨਿਗਰਾਨ ਇੰਜੀਨੀਅਰ
ਵੰਡ ਹਲਕਾ ਬਰਨਾਲਾ।

ਪਿੱਠ ਅੰਕਣ ਨੰ: 5391/5402 ਮਿਤੀ 23-7-2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਉਪ ਮੁੱਖ ਇੰਜ./ਪ੍ਰਸੋਨਲ (ਪੱਕਾ ਕਰਨ ਭਾਗ) ਪਟਿਆਲਾ।
2. ਉਪ ਮੁੱਖ ਇੰਜ./ਪ੍ਰਸੋਨਲ (ਜ਼ੋਨ-ਟੀ) ਪਟਿਆਲਾ।
3. ਮੁੱਖ ਲੇਖਾ ਅਫਸਰ, ਪੰ:ਸ:ਪਾ:ਕਾ:ਲਿਮ: ਪਟਿਆਲਾ।
4. ਮੁੱਖ ਪੜਤਾਲ ਕਾਰ, ਪੰ:ਸ:ਪਾ:ਕਾ:ਲਿਮ: ਪਟਿਆਲਾ।
5. ਆਈ.ਜੀ./ਵੀ. ਅਤੇ ਐਸ., ਪੰ:ਸ:ਪਾ:ਕਾ:ਲਿਮ: ਪਟਿਆਲਾ।
6. ਮੁੱਖ ਇੰਜੀ:/ਵੰਡ (ਦੱਖਣ) ਅਮਲਾ ਭਾਗ ਪਟਿਆਲਾ।
7. ਸਾਰੇ ਮੁੱਖ ਇੰਜੀਨੀਅਰ ਅਧੀਨ ਪਾਵਰਕਾਮ।
8. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ ਅਧੀਨ ਪਾਵਰਕਾਮ।
9. ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀ.ਕਾ.ਕਾ.ਇੰਜ.ਅਧੀਨ ਪਾਵਰਕਾਮ।
10. ਸਾਰੇ ਸਹਾਇਕ ਕਾ.ਕਾ.ਇੰਜ./ਸਹਾਇਕ ਇੰਜ./ਵੰਡ ਹਲਕਾ ਬਰਨਾਲਾ।
11. ਸੀਨੀ.ਕਾ.ਕਾ.ਇੰਜ./ਵੰਡ ਮੰਡਲ ਮਲੇਰਕੋਟਲਾ ਨੂੰ ਉਨ੍ਹਾਂ ਦੇ ਪੱਤਰ ਨੰ: 5456 ਮਿਤੀ 21.5.12 ਦੇ ਸਬੰਧ ਵਿੱਚ ਭੇਜਕੇ ਲਿਖਿਆ ਜਾਂਦਾ ਹੈ ਕਿ ਦਫਤਰੀ ਹੁਕਮ ਕਰਮਚਾਰੀ ਨੂੰ ਸੌਂਪਕੇ ਪ੍ਰਾਪਤੀ ਰਸੀਦ ਇਸ ਦਫਤਰ ਨੂੰ ਭੇਜੀ ਜਾਵੇ ਅਤੇ ਇਸਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕੀਤਾ ਜਾਵੇ।
12. ਸ੍ਰੀ ਹਰਿੰਦਰ ਸਿੰਘ ਪੁੱਤਰ ਸ੍ਰੀ ਸੁਖਦੇਵ ਸਿੰਘ,ਮਾਰਫਤ ਸੀਨੀ.ਕਾ.ਕਾ.ਇੰਜ./ਵੰਡ ਮੰਡਲ ਮਲੇਰਕੋਟਲਾ

ਨੱਥੀ/ਉਕਤ ਅਨੁਸਾਰ
ਲੜੀ ਨੰ: 11 ਲਈ

ਨਿਗਰਾਨ ਇੰਜੀਨੀਅਰ
ਵੰਡ ਹਲਕਾ ਬਰਨਾਲਾ।

ਪਿੱਠ ਅੰਕਣ ਨੰਬਰ 5403 ਮਿਤੀ 23/7/2012

ਉਪਰੋਕਤ ਦਾ ਉਤਾਰਾ ਨਿਗਰਾਨ ਇੰਜੀਨੀਅਰ (I.T.) ਪਟਿਆਲਾ ਜੀ ਨੂੰ ਭੇਜਕੇ ਬੇਨਤੀ ਕੀਤੀ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਨੂੰ PSPCL ਦੀ ਵੈਬਸਾਈਟ ਤੇ ਪਾਏ ਜਾਣ ਜੀ।

ਨਿਗ./ਇੰਜ. ਵੰਡ
ਹਲਕਾ ਬਰਨਾਲਾ